# ਸਰਕਾਰੀ ਕਾਲਜ ਆਫ਼ ਐਜੂਕੇਸ਼ਨ

## ਮਾਲੇਰਕੋਟਲਾ

ਹਨੇਰੇ ਤੋਂ ਚਾਨਣ ਵੱਲ
Govt. College of Education, Malerkotla
Estd. 2006
ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਮਾਲੇਰਕੋਟਲਾ
ਸਥਾਪਿਤ 2006

**ਸਥਾਪਿਤ 2006**

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA




**Prospectus**
**2026-27**

ਇਹ ਪ੍ਰਾਸਪੈਕਟਸ ਕੋਈ ਲੀਗਲ ਦਸਤਾਵੇਜ਼ ਨਹੀਂ ਹੈ ।
ਇਹ ਕੇਵਲ ਉਮੀਦਵਾਰਾਂ ਦੀ ਜਾਣਕਾਰੀ ਲਈ ਹੈ ।

# GOVT. COLLEGE OF EDUCATION

## Malerkotla

www.gcemlk.com 01675-261016 gcedumalerkotla@gmail.com

Scanned with OKEN Scanner



# ਸੰਦੇਸ਼

ਪਿਆਰੇ ਵਿਦਿਆਰਥੀਓ,

ਮੈਨੂੰ ਆਉਣ ਵਾਲੇ ਨਵੇਂ ਅਕਾਦਮਿਕ ਸੈਸ਼ਨ ਲਈ ਤੁਹਾਡਾ ਸਵਾਗਤ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ । ਸਿੱਖਿਆ ਸਿਰਫ ਗਿਆਨ ਪ੍ਰਾਪਤ ਕਰਨ ਦਾ ਨਾਂ ਨਹੀਂ ਹੈ ਸਗੋਂ ਇਹ ਜੀਵਨ ਨੂੰ ਸਹੀ ਸੇਧ ਦੇਣ ਅਤੇ ਚੰਗੇ ਇਨਸਾਨ ਬਣਨ ਦੀ ਕਲਾ ਹੈ । ਸਫਲਤਾ ਹਮੇਸ਼ਾ ਅਨੁਸ਼ਾਸਨ ਲਗਨ ਅਤੇ ਹੌਸਲੇ ਨਾਲ ਮਿਲਦੀ ਹੈ ।

ਸਾਡਾ ਮਕਸਦ ਤੁਹਾਨੂੰ ਜ਼ਿੰਦਗੀ ਦੀ ਹਰ ਚਣੌਤੀ ਲਈ ਤਿਆਰ ਕਰਨਾ ਹੈ । ਸਾਨੂੰ ਤੁਹਾਡੀ ਕਾਬਲੀਅਤ ਤੇ ਪੂਰਾ ਭਰੋਸਾ ਹੈ ।

ਮੈਨੂੰ ਉਮੀਦ ਹੈ ਕਿ ਤੁਸੀਂ ਇਸ ਸੰਸਥਾ ਵਿੱਚ ਪੜ੍ਹ ਕੇ ਆਪਣੇ ਸੁਪਨੇ ਸਾਕਾਰ ਕਰੋਗੇ ਅਤੇ ਆਪਣੇ ਮਾਪਿਆਂ ਅਤੇ ਕਾਲਜ ਦਾ ਨਾਂ ਰੌਸ਼ਨ ਕਰੋਗੇ ਤੁਹਾਨੂੰ ਸੁਨਹਿਰੀ ਭਵਿੱਖ, ਚੰਗੀ ਸਿਹਤ ਅਤੇ ਸਫਲਤਾ ਲਈ ਦਿਲੋਂ ਆਸ਼ੀਰਵਾਦ ਅਤੇ ਸ਼ੁੱਭਕਾਮਨਾਵਾਂ ।


ਡਾ. ਮੁਹੰਮਦ ਇਰਫਾਨ
ਪ੍ਰਿੰਸੀਪਲ
ਸਰਕਾਰੀ ਕਾਲਜ ਆਫ਼ ਐਜੂਕੇਸ਼ਨ
ਮਾਲੇਰਕੋਟਲਾ


Scanned with OKEN Scanner

# ਦਾਖ਼ਲਾ (Admissions)

## ਬੀ.ਐਡ. :- ਕੁੱਲ ਸੀਟਾਂ 50 (Total Seats 50)

ਗੌਰਮਿੰਟ ਕਾਲਜ ਆਫ ਐਜੂਕੇਸ਼ਨ. ਮਾਲੇਰਕੋਟਲਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਰੋਸਾਏ ਗਏ ਹਾਅ-ਦਾ-ਨਾਅਰਾ ਨਗਰ ਲੋਕਾਂ ਦੀ ਮੰਗ ਅਤੇ ਜ਼ਰੂਰਤ ਨੂੰ ਨਜ਼ਰ ਰੱਖਦਿਆਂ ਪੰਜਾਬ ਸਰਕਾਰ ਵੱਲੋਂ 2006 ਵਿੱਚ ਸਥਾਪਿਤ ਕੀਤਾ ਗਿਆ। ਇਹ ਕਾਲਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲਿਏਟਡ ਹੈ। ਸੈਸ਼ਨ 2006-07 ਵਿੱਚ ਪਹਿਲਾ ਬੈਚ ਪਾਸ ਆਊਟ ਹੋਇਆ। ਹੁਣ ਤੱਕ 18 ਬੈਚ ਸਿੱਖਿਆ ਲੈ ਚੁੱਕੇ ਹਨ। ਹਰ ਸਾਲ ਕਾਲਜ ਦੇ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਸੰਬੰਧੀ ਨਤੀਜੇ ਸ਼ਾਨਦਾਰ ਰਹਿੰਦੇ ਹਨ।

ਇਸ ਸਾਲ ਕਾਲਜ ਦਾ ਦਾਖ਼ਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ Entrance Test ਦੇ ਆਧਾਰ ਤੇ ਨਿਰਧਾਰਤ ਨਿਯਮਾਂ ਅਤੇ ਮੈਰਿਟ ਅਨੁਸਾਰ ਕੀਤੇ ਜਾਣਗੇ।

ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਸੀਟਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ।

| ਕਲਾਸ | ਕੁੱਲ ਸੀਟਾਂ | ਪੰਜਾਬ ਦੇ ਪੱਕੇ ਵਸਨੀਕਾਂ ਲਈ | ਪੰਜਾਬ ਤੋਂ ਬਾਹਰਲੇ ਵਿਦਿਆਰਥੀਆਂ ਲਈ |
|---|---|---|---|
| ਬੀ.ਐਡ. | 50 | 85% | 15% |

1. ਸੀਟਾਂ ਦੀ ਵੰਡ :- 85% ਸੀਟਾਂ ਪੰਜਾਬ ਦੇ ਵਸਨੀਕਾਂ ਲਈ ਰਾਖਵੀਆਂ ਹਨ ਅਤੇ 15% ਸੀਟਾਂ Other State/U.T.'s ਲਈ ਰਾਖਵੀਆਂ ਹਨ। 85% ਸੀਟਾਂ ਉਨ੍ਹਾਂ ਵਿਦਿਆਰਥੀਆਂ ਲਈ ਹੀ ਰਾਖਵੀਆਂ ਹੋਣਗੀਆਂ ਜੋ ਪੰਜਾਬ ਦੇ ਵਸਨੀਕ ਹਨ। (Punjab State in terms of Punjab Government, Department of Personal And Administrative Reforms (PP-11 Br.) Letter No. 1/3/95-3PP-11/96 19, dated the 6th June, 1996 and Letter No. 1/3/95-3PP-11/80, dated 1st January, 1999.

2. ਜੋ ਕਿਸੇ reserved category ਦਾ ਵਿਦਿਆਰਥੀ ਉਪਲੱਬਧ ਨਹੀਂ ਹੋਵੇਗਾ ਤਾਂ ਖਾਲੀ ਸੀਟਾਂ Open Category ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣਗੀਆਂ। ਜੇਕਰ 15% Category ਵਿੱਚ ਸੀਟਾਂ ਖਾਲੀ ਰਹਿੰਦੀਆਂ ਹਨ, ਤਾਂ ਇਹ ਸੀਟਾਂ 85% Category ਨੂੰ ਦੇ ਦਿੱਤੀਆਂ ਜਾਣਗੀਆਂ।



Scanned with OKEN Scanner

# ਕਾਲਜ ਸਟਾਫ਼

**ਪ੍ਰਿੰਸੀਪਲ ਡਾ. ਮੁਹੰਮਦ ਇਰਫਾਨ M.A., M.Phil, Ph.D.**

**ਕੰਪਿਊਟਰ ਵਿਭਾਗ**
ਪ੍ਰੋ. ਹਰਪ੍ਰੀਤ ਕੌਰ
M.Sc., M.C.A., M.A. Education,
Ph.D. Pursuing

**ਸਮਾਜਿਕ ਸਿੱਖਿਆ ਵਿਭਾਗ**
ਪ੍ਰੋ. ਜਤਿੰਦਰ ਸਿੰਘ
M.A. Political Science, M.Ed.

**ਗਣਿਤ ਵਿਭਾਗ**
ਪ੍ਰੋ. ਜਗਸੀਰ ਸਿੰਘ
M.Sc. (Maths), B.Ed.,
UGC Net in Maths, Gate

**ਪੰਜਾਬੀ ਵਿਭਾਗ**
ਪ੍ਰੋ. ਮਨਪ੍ਰੀਤ ਕੌਰ
M.A. Punjabi, M.A. Education

**ਸਾਇੰਸ ਵਿਭਾਗ**
ਪ੍ਰੋ. ਕਰਮਪ੍ਰੀਤ ਕੌਰ
M.Sc. Physics, M.A. Education,
UGC Net in Edu., Ph.D. Pursuing

**ਅੰਗ੍ਰੇਜ਼ੀ ਵਿਭਾਗ**
ਪ੍ਰੋ. ਸਹਿਬਾਨਾ
M.A. English, UGC Net in English

**ਕਾਮਰਸ ਵਿਭਾਗ**
ਖਾਲੀ

# ਦਫ਼ਤਰੀ ਅਤੇ ਹੋਰ ਅਮਲਾ

ਸੀਨੀਅਰ ਸਹਾਇਕ : ਸ਼੍ਰੀਮਤੀ ਰੂਪ ਕਾਲੀਆ
ਕਲਰਕ ਕਮ ਡਾਟਾ ਐਂਟਰੀ ਓਪਰੇਟਰ : ਮਿਸ. ਸ਼ਿਵਾਨੀ
ਲਾਇਬ੍ਰੇਰੀਅਨ : ਸ. ਸੁਖਵੰਤ ਸਿੰਘ
ਕਲਰਕ : ਸ. ਸੁਖਪ੍ਰੀਤ ਸਿੰਘ
ਸਫਾਈ ਕਰਮਚਾਰੀ : ਸ਼੍ਰੀ. ਅਸ਼ਵਨੀ ਕੁਮਾਰ
ਪੀਅਨ: ਮੁਹੰਮਦ ਆਰਿਫ
ਚੌਕੀਦਾਰ : ਸ. ਜਸਪਾਲ ਸਿੰਘ
ਮਾਲੀ : ਖਾਲੀ



Scanned with OKEN Scanner

## ਬੀ.ਐਡ. ਦੇ ਦਾਖ਼ਲੇ ਲਈ ਜ਼ਰੂਰੀ ਹਦਾਇਤਾਂ
(Instructions for B.Ed. Admissions)

* ਦਾਖ਼ਲੇ ਸਮੇਂ ਸਾਰੇ ਅਕਾਦਮਿਕ ਅਤੇ ਹੋਰ ਲੋੜੀਂਦੇ ਸਰਟੀਫਿਕੇਟ/ਦਸਤਾਵੇਜ਼ ਅਸਲ ਰੂਪ ਵਿੱਚ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲੈ ਕੇ ਆਉਣੀਆਂ ਜ਼ਰੂਰੀ ਹਨ।
* ਆਪਣੇ ਅਖੀਰਲੇ ਕਾਲਜ ਜਾਂ ਯੂਨੀਵਰਸਿਟੀ ਡਿਪਾਰਟਮੈਂਟ ਜਿੱਥੇ ਤੁਸੀਂ ਪੜ੍ਹਦੇ ਰਹੇ ਹੋ, ਤੋਂ ਚੰਗੇ ਆਚਰਣ ਦਾ ਪ੍ਰਮਾਣ-ਪੱਤਰ ਲੈ ਕੇ ਦਾਖ਼ਲੇ ਲਈ ਬਿਨੈ-ਪੱਤਰ ਦੇ ਨਾਲ ਲਗਾਉਣ।
* ਜਿਨ੍ਹਾਂ ਵਿਦਿਆਰਥੀਆਂ ਨੇ ਸਾਲ 2025-26 ਦੌਰਾਨ ਕਿਸੇ ਕਾਲਜ/ਯੂਨੀਵਰਸਿਟੀ ਡਿਪਾਰਟਮੈਂਟ ਤੋਂ ਰੈਗੂਲਰ ਵਿਦਿਆਰਥੀ ਦੇ ਤੌਰ ਤੇ ਕੋਈ ਪ੍ਰੀਖਿਆ ਪਾਸ ਨਹੀਂ ਕੀਤੀ ਉਹ ਆਪਣੇ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਆਪਣੇ ਹਲਕੇ ਦੇ ਮਿਊਂਸਪਲ ਕਮਿਸ਼ਨਰ ਤੋਂ ਰੈਗੂਲਰ ਪੜ੍ਹਾਈ ਵਿੱਚ ਗੈਪ ਦੇ ਸਮੇਂ ਚੰਗਾ ਚਰਿੱਤਰ ਹੋਣ ਦਾ ਪ੍ਰਮਾਣ ਪੱਤਰ ਲੈ ਕੇ ਦਾਖ਼ਲੇ ਲਈ ਬਿਨੈ-ਪੱਤਰ ਦੇ ਨਾਲ ਲਗਾਉਣ।
* ਵਿਦਿਆਰਥੀ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਸੰਬੰਧੀ ਡੋਮੀਸਾਇਲ ਸਰਟੀਫਿਕੇਟ ਆਪਣੇ ਇਲਾਕੇ ਦੇ ਐਸ.ਡੀ.ਐਮ. ਤੋਂ ਲੈ ਕੇ ਆਉਣ। ਡੋਮੀਸਾਇਲ ਵੱਧ ਤੋਂ ਵੱਧ 3 ਸਾਲ ਪੁਰਾਣਾ ਹੋਣਾ ਚਾਹੀਦਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਲਾਵਾ ਹੋਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਪਾਤਰਤਾ (Eligibility) ਸਰਟੀਫਿਕੇਟ ਲੈਣਾ ਜ਼ਰੂਰੀ ਹੈ।
* ਦਾਖ਼ਲੇ ਉਪਰੰਤ ਇੱਕ ਮਹੀਨੇ ਦੇ ਅੰਦਰ ਅੰਦਰ ਸੰਬੰਧਿਤ ਯੂਨੀਵਰਸਿਟੀ ਤੋਂ ਮਾਇਗਰੇਸ਼ਨ ਸਰਟੀਫਿਕੇਟ ਵੀ ਜਮ੍ਹਾਂ ਕਰਾਉਣਾ ਜ਼ਰੂਰੀ ਹੈ।

## ਪ੍ਰਵਾਨਿਤ ਟੀਚਿੰਗ ਅਸਾਮੀਆਂ
(Sanctioned Teaching Posts)

1) ਟੀਚਿੰਗ ਆਫ ਕੰਪਿਊਟਰ
2) ਟੀਚਿੰਗ ਆਫ ਅੰਗਰੇਜ਼ੀ
3) ਟੀਚਿੰਗ ਆਫ ਪੰਜਾਬੀ
4) ਟੀਚਿੰਗ ਆਫ ਸੋਸ਼ਲ ਸਟੱਡੀਜ਼
5) ਟੀਚਿੰਗ ਆਫ ਸਾਇੰਸ
6) ਟੀਚਿੰਗ ਆਫ ਮੈਥ
6) ਟੀਚਿੰਗ ਆਫ ਕਾਮਰਸ

## ਸੈਕਸ਼ਨਾਂ ਦੀ ਵੰਡ ਅਤੇ ਲੈਕਚਰਜ਼ ਸ਼ਾਰਟੇਜ਼ ਸੰਬੰਧੀ
(Distribution of Sections and Lecture Shortage)

ਬੀ.ਐਡ. ਕਲਾਸ ਸਾਰੇ ਆਡ (Odd) ਰੋਲ ਨੰਬਰ ਸੈਕਸ਼ਨ (ਏ) ਅਤੇ ਸਾਰੇ ਈਵਨ (Even) ਰੋਲ ਨੰਬਰ ਸੈਕਸ਼ਨ (ਬੀ) ਵਿੱਚ ਹੋਣਗੇ। ਸੈਸ਼ਨ ਚਾਲੂ ਹੋਣ 'ਤੇ ਵਿਦਿਆਰਥੀਆਂ ਨੂੰ ਟਾਇਮ ਟੇਬਲ ਨੋਟ ਕਰਵਾ ਦਿੱਤਾ ਜਾਵੇਗਾ ਅਤੇ ਸਮੇਂ ਦੀ ਲੋੜ ਅਨੁਸਾਰ ਇਸ ਵਿੱਚ ਬਦਲਾਅ ਵੀ ਕਰ ਦਿੱਤਾ ਜਾਵੇਗਾ। ਵਿਦਿਆਰਥੀਆਂ ਨੂੰ ਬੀਮਾਰੀ ਕਾਰਨ ਹਾਜ਼ਰੀਆਂ ਦੀ ਛੋਟ ਲਈ ਲਾਜ਼ਮੀ ਹੋਵੇਗਾ ਕਿ ਉਹ ਆਪਣੀ ਛੁੱਟੀ ਲਈ ਬਿਨੈ-ਪੱਤਰ, ਸਮੇਤ ਮੈਡੀਕਲ ਸਰਟੀਫਿਕੇਟ ਪ੍ਰਿੰਸੀਪਲ ਸਾਹਿਬ ਨੂੰ ਪੇਸ਼ ਕਰਨ। ਇਸਦੇ ਆਧਾਰ 'ਤੇ ਛੁੱਟੀ ਦੀ ਛੋਟ ਦਿੱਤੀ ਜਾਵੇਗੀ।



Scanned with OKEN Scanner

## ਹਾਜ਼ਰੀ ਅਤੇ ਘਰੇਲੂ ਪ੍ਰੀਖਿਆਵਾਂ
## (Attendance & House Examination)

ਯੂਨੀਵਰਸਿਟੀ ਨਿਯਮਾਂ ਅਨੁਸਾਰ ਹਰ ਵਿਸ਼ੇ/ਪੇਪਰ ਵਿੱਚ 75% ਹਾਜ਼ਰੀਆਂ ਹੋਣੀਆਂ ਲਾਜ਼ਮੀ ਹਨ। ਅਕਾਦਮਿਕ ਵਰ੍ਹੇ ਦੌਰਾਨ ਬੀ.ਐਡ. ਕਲਾਸ ਦੀ ਘਰੇਲੂ ਪ੍ਰੀਖਿਆ ਸੰਬੰਧੀ ਨੋਟਿਸ ਲਗਾ ਦਿੱਤਾ ਜਾਵੇਗਾ। ਹਰੇਕ ਵਿਦਿਆਰਥੀ ਨੂੰ ਹਰੇਕ ਵਿਸ਼ੇ ਵਿੱਚ 20% ਨੰਬਰ ਲੈਣੇ ਜ਼ਰੂਰੀ ਹੋਣਗੇ। ਜੇਕਰ ਕੋਈ ਵਿਦਿਆਰਥੀ ਕਿਸੇ ਘਰੇਲੂ ਪ੍ਰੀਖਿਆ ਨਹੀਂ ਦਿੰਦਾ ਜਾਂ ਕਿਸੇ ਪੇਪਰ ਵਿੱਚ ਲੋੜੀਂਦੇ ਨਿਰਧਾਰਿਤ ਅੰਕ ਪ੍ਰਾਪਤ ਨਹੀਂ ਕਰਦਾ ਤਾਂ ਉਹ ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਨਹੀਂ ਹੋਵੇਗਾ। ਦੂਜੇ ਰਾਜਾਂ ਦੇ ਵਿਦਿਆਰਥੀਆਂ ਨੂੰ ਦਾਖਲੇ ਸਮੇਂ ਪੰਜਾਬੀ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ ਲੈ ਕੇ ਦੇਣਾ ਲਾਜ਼ਮੀ ਹੋਵੇਗਾ।

## ਕਾਲਜ ਲਾਇਬ੍ਰੇਰੀ
## (College Library)

ਵਿਦਿਆਰਥੀਆਂ ਅਤੇ ਕਾਲਜ ਸਟਾਫ ਦੀਆਂ ਹਰ ਤਰ੍ਹਾਂ ਦੀਆਂ ਅਕਾਦਮਿਕ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਕਿਤਾਬਾਂ ਦਾ ਭੰਡਾਰ ਹੈ। ਇੱਕ ਵਿਦਿਆਰਥੀ ਇੱਕ ਸਮੇਂ ਲਾਇਬ੍ਰੇਰੀ ਵਿੱਚੋਂ ਤਿੰਨ ਕਿਤਾਬਾਂ ਦੋ ਹਫਤਿਆਂ ਲਈ ਲੈ ਸਕਦਾ ਹੈ। ਨਿਰਧਾਰਤ ਸਮੇਂ ਤੇ ਕਿਤਬਾ ਜਮ੍ਹਾਂ ਨਾ ਕਰਾਉਣ 'ਤੇ ਨਿਯਮਾਂ ਅਨੁਸਾਰ ਜੁਰਮਾਨਾ ਲਿਆ ਜਾਵੇਗਾ। ਕਿਤਾਬ ਗੁੰਮ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਨੂੰ ਕਿਤਾਬ ਦੀ ਨਵੀਨਤਮ ਕੀਮਤ ਭਰਨੀ ਹੋਵੇਗੀ। ਕਿਤਾਬਾਂ ਲੈਣ ਅਤੇ ਵਾਪਿਸ ਕਰਨ ਸਮੇਂ ਵਿਦਿਆਰਥੀ ਕੋਲ ਲਾਇਬ੍ਰੇਰੀ ਕਾਰਡ/ਸ਼ਨਾਖਤੀ ਕਾਰਡ ਹੋਣਾ ਅਤਿ ਜ਼ਰੂਰੀ ਹੈ। ਅਸਲ ਸ਼ਨਾਖਤੀ ਕਾਰਡ ਗੁੰਮ ਹੋਣ ਤੇ ਨਿਯਮਾਂ ਅਨੁਸਾਰ ਪੈਸੇ ਭਰ ਕੇ ਡੁਪਲੀਕੇਟ ਸ਼ਨਾਖਤੀ ਕਾਰਡ ਲਿਆ ਜਾ ਸਕਦਾ ਹੈ। ਵੱਖ-ਵੱਖ ਵਿਸ਼ਿਆਂ ਉਪਰ ਲਾਇਬ੍ਰੇਰੀ ਵਿੱਚ 3000 ਤੋਂ ਵੱਧ ਪੁਸਤਕਾਂ ਉਪਲੱਬਧ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਤਿੰਨ ਮੈਗਜ਼ੀਨ ਅਤੇ ਪੰਜ ਅਖਬਾਰ ਵੀ ਹਨ।

## ਕਾਲਜ ਛੱਡਣ ਸੰਬੰਧੀ ਨਿਯਮ
## (Rules of Leaving the College)

ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਪਹਿਲਾਂ ਪ੍ਰਿੰਸੀਪਲ ਸਾਹਿਬ ਨੂੰ ਲਿਖਤੀ ਪ੍ਰਾਰਥਨਾ ਪੱਤਰ ਉਪਰ ਪਿਤਾ ਜਾਂ ਸਰਪ੍ਰਸਤ ਦੇ ਹਸਤਾਖਰ ਕਰਵਾ ਕੇ ਕਾਲਜ ਸੁਪਰਡੈਂਟ ਰਾਹੀਂ ਦੇਵੇਗਾ। ਕਾਲਜ ਛੱਡਣ ਤੋਂ ਪਹਿਲਾਂ ਵਿਦਿਆਰਥੀ ਨੂੰ ਹਰ ਪੱਖੋਂ ਆਪਣਾ "ਨੋ ਡਿਊਜ਼" ਕਲੀਅਰ ਕਰਵਾਉਣਾ ਪਵੇਗਾ ਅਤੇ ਕਾਲਜ ਵੱਲੋਂ ਸਕਿਉਰਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।



Scanned with OKEN Scanner

# ਵਿਦਿਆਰਥੀ ਸਭਾਵਾਂ, ਕਲੱਬ ਅਤੇ ਹੋਰ ਜਾਣਕਾਰੀ
## (Students Group, Clubs & Other Information)

**1. ਓਲਡ ਸਟੂਡੈਂਟਸ ਐਸੋਸੀਏਸ਼ਨ (Old Students Association)**

ਓਲਡ ਸਟੂਡੈਂਟਸ ਐਸੋਸੀਏਸ਼ਨ ਨਾਮ ਦੀ ਸੰਸਥਾ ਕਾਲਜ ਵੱਲੋਂ ਬਣਾਈ ਗਈ ਹੈ, ਜਿਸ ਵਿੱਚ ਪੁਰਾਣੇ ਵਿਦਿਆਰਥੀ ਅਤੇ ਫੈਕਲਟੀ ਮੈਂਬਰਜ਼ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਐਸੋਸੀਏਸ਼ਨ ਵੱਲੋਂ ਇਕੱਤਰ ਕੀਤੀ ਗਈ ਰਾਸ਼ੀ ਵਿਦਿਆਰਥੀਆਂ ਅਤੇ ਸੰਸਥਾ ਦੀ ਭਲਾਈ ਲਈ ਖਰਚ ਕੀਤੀ ਜਾਂਦੀ ਹੈ।

**2. ਯੂਥ ਕਲੱਬ (Youth Club)**

ਯੂਥ ਕਲੱਬ ਦਾ ਮੰਤਵ ਸਕਿਟ, ਕਾਵਿ-ਉਚਾਰਣ, ਲੋਕ ਕਲਾਵਾਂ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਨਾ ਹੈ। ਇਹ ਵੱਖ-ਵੱਖ ਭਾਸ਼ਾਵਾਂ ਵਿੱਚ ਕਾਲਜ ਅਤੇ ਕਲਾਸ ਪੱਧਰ ਤੇ ਵੱਖ-ਵੱਖ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦਾ ਹੈ।

**3. ਲੀਗਲ ਲਿਟਰੇਸੀ ਸੈਲ (Legal Literacy Cell)**

ਸਰਕਾਰੀ ਹੁਕਮਾਂ ਅਨੁਸਾਰ ਕਾਲਜ ਦੇ ਵਿਦਿਆਰਥੀਆਂ ਨੂੰ ਮੁਫਤ ਮੁੱਢਲੀ ਕਾਨੂੰਨੀ ਜਾਣਕਾਰੀ ਦੇਣ ਲਈ ਲੀਗਲ ਲਿਟਰੇਸੀ ਸੈਲ ਬਣਾਇਆ ਗਿਆ ਹੈ।

**4. ਕੈਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈਲ (Carrier Counselling & Placement Cell)**

ਕਾਲਜ ਵਿੱਚ ਕੈਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈਲ ਸਥਾਪਿਤ ਹੈ। ਇਹ ਸੈਲ ਦੁਆਰਾ ਵਿਦਿਆਰਥੀਆਂ ਨੂੰ ਨੌਕਰੀ ਪ੍ਰਾਪਤ ਕਰਨ ਹਿੱਤ ਜ਼ਰੂਰ ਜਾਣਕਾਰੀ ਅਤੇ ਯੋਗ ਅਗਵਾਈ ਪ੍ਰਦਾਨ ਕੀਤੀ ਜਾਂਦੀ ਹੈ।

**5. ਰੈਡ ਰਿਬਨ ਕਲੱਬ (Red Ribbon Club)**

ਇਸ ਕਲੱਬ ਦਾ ਉਦੇਸ਼ ਵਿਦਿਆਰਥੀ ਅਧਿਆਪਕਾਂ ਵਿੱਚ ਏਡਜ਼ ਅਤੇ ਹੋਰ ਵੱਖ-ਵੱਖ ਬਿਮਾਰੀਆਂ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਰੈਲੀਆਂ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਂਦਾ ਹੈ।

**6. ਰੈਡ ਕਰਾਸ (Red Cross)**

ਕਾਲਜ ਵਿੱਚ ਰੈਡ ਕਰਾਸ ਯੂਨਿਟ ਸਥਾਪਿਤ ਹੈ। ਇਸ ਯੂਨਿਟ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਾਤ ਕਾਲੀਨ ਹਾਲਤਾਂ ਵਿੱਚ ਮੁੱਢਲੀ ਸਹਾਇਤਾ ਦੀ ਸਿਖਲਾਈ ਦੇਣਾ ਹੈ।

**7. ਐਂਟੀ ਰੈਗਿੰਗ ਸੈਲ (Anti Raging Cell)**

ਰੈਗਿੰਗ ਕਾਨੂੰਨੀ ਅਪਰਾਧ ਹੈ। ਕਾਲਜ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਰੈਗਿੰਗ ਵਿੱਚ ਹਿੱਸਾ ਲੈਣ ਦੀ ਸਖਤ ਮਨਾਹੀ ਹੈ। ਜੇ ਕੋਈ ਵਿਦਿਆਰਥੀ ਰੈਗਿੰਗ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**8. ਐਂਟੀ ਡਰੱਗਜ਼ ਸੈਲ (Anti Drugs Cell)**

ਕਾਲਜ ਵਿੱਚ ਐਂਟੀ ਡਰੱਗਜ਼ ਸੈਲ ਦੀ ਸਥਾਪਨਾ ਕੀਤੀ ਗਈ ਹੈ। ਇਸ ਸੈਲ ਦਾ ਮਨੋਰਥ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰਨਾ ਅਤੇ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਹੈ। ਇਹਨਾਂ ਗਤੀਵਿਧੀਆਂ ਵਿੱਚ ਅਧਿਆਪਕ ਅਤੇ ਵਿਦਿਆਰਥੀ ਵੱਧ ਚੜ੍ਹਕੇ ਭਾਗ ਲੈਂਦੇ ਹਨ।

**9. ਸਵੀਪ (Systematic Voter Education Electrol Participation)**

ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ 18 ਸਾਲ ਤੋਂ ਉਪਰ ਉਮਰ ਦੇ ਵਿਦਿਆਰਥੀਆਂ ਦੀਆਂ ਵੋਟਾਂ ਬਣਾਉਣ ਅਤੇ ਨੌਜਵਾਨ ਵਰਗ ਨੂੰ ਵੋਟਾਂ ਦੀ ਅਹਿਮੀਅਤ ਸੰਬੰਧੀ ਜਾਗਰੂਕ ਕਰਨ ਲਈ ਸਵੀਪ ਪ੍ਰੋਗਰਾਮ ਚਲਾਇਆ ਗਿਆ ਹੈ। ਇਸ ਪ੍ਰੋਗਰਾਮ ਤਹਿਤ ਹਰੇਕ ਵਿੱਦਿਅਕ ਸੰਸਥਾ ਵਿੱਚ ਨੋਡਲ ਅਫਸਰ ਅਤੇ ਦੋ ਕੈਂਪਸ ਅੰਬੈਸਡਰ ਨਿਯੁਕਤ ਕੀਤੇ ਗਏ ਹਨ ਤਾਂ ਜੋ ਕੋਈ ਵੀ ਵਿਦਿਆਰਥੀ ਆਪਣੀ ਵੋਟ ਤੋਂ ਵਾਂਝਾ ਨਾ ਰਹਿ ਜਾਵੇ।



Scanned with OKEN Scanner

10. ਸ਼ਿਕਾਇਤ ਨਿਵਾਰਣ ਕਮੇਟੀ (Grievance Redressal Committee)

ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਅਤੇ ਉਹਨਾਂ ਦੁਆਰਾ ਸਮੇਂ-ਸਮੇਂ 'ਤੇ ਦਿੱਤੇ ਜਾਂਦੇ ਸੁਝਾਵਾਂ ਤੇ ਅਮਲ ਕਰਨ ਲਈ ਕਾਲਜ ਵੱਲੋਂ ਸ਼ਿਕਾਇਤ ਨਿਵਾਰਣ ਕਮੇਟੀ ਦਾ ਗਠਨ ਕੀਤਾ ਗਿਆ ਹੈ।

11. ਕਾਲਜ ਖੇਡਾਂ (College Sports)

ਗੇਮਜ਼ ਐਂਡ ਸਪੋਰਟਸ ਬੀ.ਐਡ. ਕੋਰਸ ਦੇ ਪਾਠਕ੍ਰਮ ਦਾ ਇੱਕ ਹਿੱਸਾ ਹੈ। ਕਾਲਜ ਵਿੱਚ ਪ੍ਰਤਿਭਾਸ਼ਾਲੀ ਅਤੇ ਹੋਣਹਾਰ ਖਿਡਾਰੀਆਂ ਨੂੰ ਅੰਤਰ-ਕਾਲਜ ਅਤੇ ਹੋਰ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਸਲਾਨਾ ਖੇਡ ਸਮਾਰੋਹ ਫਰਵਰੀ/ਮਾਰਚ ਵਿੱਚ ਕਰਵਾਇਆ ਜਾਂਦਾ ਹੈ, ਜਿਸ ਵਿੱਚ ਹਰੇਕ ਵਿਦਿਆਰਥੀ ਲਈ ਭਾਗ ਲੈਣਾ ਜ਼ਰੂਰੀ ਹੈ। ਇਸ ਸਮਾਰੋਹ ਦਾ ਪ੍ਰਬੰਧ ਸਾਰੇ ਵਿਦਿਆਰਥੀਆਂ ਵੱਲੋਂ ਰਲ ਕੇ ਕੀਤਾ ਜਾਂਦਾ ਹੈ। ਲੜਕੀਆਂ ਅਤੇ ਲੜਕਿਆਂ ਵਿੱਚੋਂ ਅਲੱਗ-ਅਲੱਗ ਬੈਸਟ ਅਥਲੀਟ ਘੋਸ਼ਿਤ ਕੀਤੇ ਜਾਂਦੇ ਹਨ।

12. ਟਿਊਟੋਰੀਅਲ ਗਰੁੱਪ (Tutorial Group)

ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਅਤੇ ਵਿਦਿਆਰਥੀ ਅਧਿਆਪਕਾਂ ਦੇ ਉਚਿਤ ਤਾਲਮੇਲ ਦੇ ਮੰਤਵ ਲਈ ਹਰੇਕ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਅਲਾਟ ਕੀਤਾ ਜਾਂਦਾ ਹੈ। ਹਫਤੇ ਵਿੱਚ ਸ਼ੁੱਕਰਵਾਰ ਦੇ ਦਿਨ ਟਿਊਟੋਰੀਅਲ ਪੀਰੀਅਡ ਲਗਾਇਆ ਜਾਂਦਾ ਹੈ।

13. ਸਾਹਿਤਕ ਸੁਸਾਇਟੀ ਅਤੇ ਪੰਜਾਬੀ ਭਾਸ਼ਾ ਮੰਚ (Literacy Society & Punjabi Bhasha Manch)

ਇਸ ਸੁਸਾਇਟੀ ਦਾ ਮੰਤਵ ਰਾਸ਼ਟਰੀ/ਅੰਤਰ ਰਾਸ਼ਟਰੀ ਦਿਵਸ ਅਤੇ ਗੁਰੂ ਸਾਹਿਬਾਨਾਂ ਦੇ ਜਨਮ ਦਿਵਸ ਮਨਾਉਣਾ, ਵਿਦਿਆਰਥੀਆਂ ਵਿੱਚ ਭਾਸ਼ਨ ਕਲਾ ਨੂੰ ਅਤੇ ਪੰਜਾਬੀ ਸਾਹਿਤ ਲਈ ਰੁਚੀਆਂ ਨੂੰ ਪ੍ਰਫੁੱਲਤ ਕਰਨਾ ਅਤੇ ਸਮੇਂ-ਸਮੇਂ ਤੇ ਐਕਸਟੈਂਸ਼ਨ ਲੈਕਚਰ ਕਰਵਾਉਣਾ ਹੈ।

14. ਮਾਪੇ ਅਧਿਆਪਕ ਸੰਸਥਾ (Parents Teacher Association)

ਕਾਲਜ ਵਿੱਚ ਹਰ ਸਾਲ ਨਵੀਂ ਮਾਪੇ ਆਧਿਆਪਕ ਸੰਸਥਾ ਬਣਾਈ ਜਾਂਦੀ ਹੈ, ਜਿਸ ਵਿੱਚ ਵਿਦਿਆਰਥੀਆਂ ਦੇ ਮਾਪੇ, ਸਰਪ੍ਰਸਤ ਅਤੇ ਕਾਲਜ ਅਧਿਆਪਕ ਮੈਂਬਰ ਹੁੰਦੇ ਹਨ। ਇਸਦੀ ਕਾਰਜਕਾਰਨੀ ਦੀ ਚੋਣ ਸੈਸ਼ਨ ਦੇ ਸ਼ੁਰੂ ਵਿੱਚ ਕੀਤੀ ਜਾਵੇਗੀ ਅਤੇ ਇਹ ਵਿਦਿਆਰਥੀਆਂ ਅਤੇ ਸੰਸਥਾ ਦੀ ਭਲਾਈ ਸੰਬੰਧੀ ਕੰਮ ਕਰੇਗੀ। ਇਸ ਸੰਸਥਾ ਦੀ ਮੀਟਿੰਗ ਵਿੱਚ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਦਾ ਹੱਲ ਮਾਪਿਆਂ ਤੋਂ ਸੁਝਾਅ ਮੰਗੇ ਜਾਂਦੇ ਹਨ।

15. ਕਾਲਜ ਮੈਗਜ਼ੀਨ (College Magazine)

ਕਾਲਜ ਵੱਲੋਂ ਕਾਲਜ ਮੈਗਜ਼ੀਨ ਵੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਉਚ ਪੱਧਰੀ ਮੌਲਿਕ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਇਸ ਮੈਗਜ਼ੀਨ ਵਿੱਚ ਵੱਖ-ਵੱਖ ਸੈਕਸ਼ਨ ਹੁੰਦੇ ਹਨ।

16. ਸਵੇਰ ਦੀ ਸਭਾ (Morning Assembly)

ਹਫਤੇ ਦੇ ਵੀਰਵਾਰ ਅਤੇ ਸ਼ਨੀਵਾਰ ਨੂੰ ਕਾਲਜ ਵਿੱਚ ਸਵੇਰ ਦੀ ਸਭਾ ਕਰਵਾਈ ਜਾਂਦੀ ਹੈ। ਇਸ ਵਿੱਚ ਸਾਰੇ ਵਿਦਿਆਰਥੀਆਂ ਲਈ ਹਾਜ਼ਰ ਹੋਣਾ ਅਤੇ ਕਾਰਵਾਈ ਵਿੱਚ ਭਾਗ ਲੈਣਾ ਜ਼ਰੂਰੀ ਹੋਵੇਗਾ। ਵਿਦਿਆਰਥੀ ਖੁਦ ਹੀ ਇਸ ਸਭਾ ਨੂੰ ਕੰਡਕਟ ਕਰਦੇ ਹਨ। ਇਹ ਐਕਟੀਵਿਟੀ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨ ਲਈ ਲਾਹੇਵੰਦ ਸਿੱਧ ਹੁੰਦੀ ਹੈ। ਹਫਤੇ ਵਿੱਚ ਚਾਰ ਦਿਨ ਵਿਦਿਆਰਥੀਆਂ ਦਾ ਕਾਲਜ ਵਰਦੀ ਵਿੱਚ ਆਉਣਾ ਲਾਜ਼ਮੀ ਹੈ। ਬੁੱਧਵਾਰ ਅਤੇ ਸ਼ਨੀਵਾਰ ਨੂੰ ਵਰਦੀ ਪਾਉਣ ਤੋਂ ਛੋਟ ਦਿੱਤੀ ਜਾਂਦੀ ਹੈ। ਲੜਕਿਆਂ ਦੇ ਲਈ ਕਾਲੀ ਪੈਂਟ ਅਤੇ ਚਿੱਟੀ ਕਮੀਜ਼ ਤੇ ਲੜਕੀਆਂ ਲਈ ਚਿੱਟੇ ਰੰਗ ਦਾ ਸੂਟ ਅਤੇ ਮਹਿਰੂਨ ਦੁੱਪਟੇ ਪਹਿਨਣੇ ਹੋਣਗੇ।



Scanned with OKEN Scanner

# ਸਾਰੇ ਵਿਦਿਆਰਥੀਆਂ ਲਈ ਵਿਸ਼ੇਸ਼ ਹਦਾਇਤਾਂ
## (Special Instructions for all the students)

* ਪੰਜਾਬੀ ਯੂਨੀਵਰਸਿਟੀ ਦੀਆਂ ਸ਼ਰਤਾਂ ਅਨੁਸਾਰ ਹਰ ਵਿਦਿਆਰਥੀ ਲਈ ਹਰ ਵਿਸ਼ੇ ਵਿੱਚ 75% ਲੈਕਚਰ ਲਗਾਉਣੇ ਜ਼ਰੂਰੀ ਹਨ। ਅਜਿਹਾ ਨਾ ਕਰਨ ਤੇ ਸੰਬੰਧਿਤ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਨ ਦੇ ਅਯੋਗ ਹੋਵੇਗਾ।
* ਕਿਸੇ ਇੱਕ ਵਿਸ਼ੇ ਦੀਆਂ ਕਲਾਸਾਂ ਵਿੱਚ ਲਗਾਤਾਰ 10 ਦਿਨ ਗੈਰਹਾਜ਼ਰ ਰਹਿਣ ਕਾਰਨ ਜਾਂ ਫੀਸ ਨਿਸ਼ਚਿਤ ਮਿਤੀ ਤੱਕ ਜਮਾਂ ਨਾ ਕਰਾਉਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਮ ਕਾਲਜ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ।
* ਵਿਦਿਆਰਥੀ ਲੰਬੀ ਛੁੱਟੀ ਲੈਣ ਤੋਂ ਗੁਰੇਜ ਕਰਨ। ਟੀਚਿੰਗ ਪ੍ਰੈਕਟਿਸ ਅਤੇ ਘਰੇਲੂ ਪ੍ਰੀਖਿਆ ਦੌਰਾਨ ਕੋਈ ਵੀ ਵਿਦਿਆਰਥੀ ਛੁੱਟੀ ਨਹੀਂ ਲਵੇਗਾ। ਲੰਬੀ ਛੁੱਟੀ ਕਾਰਨ ਟੀਚਿੰਗ ਪ੍ਰੈਕਟਿਸ ਅਤੇ ਘਰੇਲੂ ਪ੍ਰੀਖਿਆ ਦੀਆਂ ਨਿਰਧਾਰਤ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਣ ਵਾਲੇ ਵਿਦਿਆਰਥੀ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਅਜਿਹੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਦੇਣ ਦੇ ਆਯੋਗ ਘੋਸ਼ਿਤ ਕਰ ਦਿੱਤੇ ਜਾਣਗੇ।
* ਵਿਦਿਆਰਥੀਆਂ ਲਈ ਕਾਲਜ ਕੈਂਪਸ ਵਿੱਚ ਮੋਬਾਇਲ ਫੋਨ ਲੈ ਕੇ ਆਉਣ ਦੀ ਮਨਾਹੀ ਹੈ। ਅਗਰ ਫੋਨ ਲਿਆਂਦਾ ਜਾਵੇ ਤਾਂ ਸਾਇਲੈਂਟ ਮੋਡ ਤੇ ਰੱਖਿਆ ਜਾਵੇ।
* ਇਹ ਸੰਸਥਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਹੈ। ਨਸ਼ਿਆਂ ਵਿਰੁੱਧ ਵਿਦਿਆਰਥੀ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਜਾਂ ਕਿਸੇ ਹੋਰ ਨਸ਼ੀਲੀ ਵਸਤੂ ਦਾ ਸੇਵਨ ਕਰਨਾ ਮਨ੍ਹਾਂ ਹੈ।
* ਕਾਲਜ ਕੈਂਪਸ ਵਿੱਚ ਕਿਸੇ ਕਿਸਮ ਦਾ ਹਥਿਆਰ ਲੈ ਕੇ ਆਉਣਾ ਮਨ੍ਹਾਂ ਹੈ।
* ਵਿਦਿਆਰਥੀਆਂ ਲਈ ਕਾਲਜ ਵੱਲੋਂ ਜਾਰੀ ਸ਼ਨਾਖਤੀ ਕਾਰਡ ਲੈ ਕੇ ਆਉਣਾ ਜ਼ਰੂਰੀ ਹੈ ਜੋ ਕਿਸੇ ਵੀ ਵੇਲੇ ਚੈਕ ਕੀਤਾ ਜਾ ਸਕਦਾ ਹੈ।
* ਵਿਦਿਆਰਥੀਆਂ ਨੂੰ ਆਪਣੇ ਦੋਸਤਾਂ/ਬਾਹਰਲੇ ਵਿਅਕਤੀਆਂ ਨੂੰ ਕਾਲਜ ਵਿਚ ਲੈ ਕੇ ਆਉਣ ਦੀ ਮਨਾਹੀ ਹੈ। ਬਾਹਰੋਂ ਆਉਣ ਵਾਲਾ ਕੋਈ ਵੀ ਵਿਅਕਤੀ ਜੇਕਰ ਕਾਲਜ ਦੇ ਕਿਸੇ ਵਿਅਕਤੀ ਨੂੰ ਮਿਲਣਾ ਚਾਹੁੰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਕਾਲਜ ਦੇ ਦਫਤਰ ਵਿੱਚ ਸੰਪਰਕ ਕਰੋ।
* ਪ੍ਰਿੰਸੀਪਲ ਦੀ ਅਗੇਤੀ ਪ੍ਰਵਾਨਗੀ ਲਏ ਬਿਨਾਂ ਕਾਲਜ ਕੈਂਪਸ ਵਿੱਚ ਵਿਦਿਆਰਥੀ ਕਿਸੇ ਕਿਸਮ ਦਾ ਇੱਕਠ, ਪਾਰਟੀ ਜਾਂ ਫੰਕਸ਼ਨ ਨਹੀਂ ਕਰ ਸਕਦੇ।
* ਕਾਲਜ ਵੱਲੋਂ ਕਰਵਾਏ ਜਾਣ ਵਾਲੇ ਸਾਰੇ ਫੰਕਸ਼ਨਾਂ ਵਿੱਚ ਵਿਦਿਆਰਥੀ ਦਾ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ।
* ਕਾਲਜ ਦੀ ਜਾਇਦਾਦ, ਫੁੱਲ, ਬੂਟੇ, ਦਰੱਖਤ ਆਦਿ ਨੂੰ ਨੁਕਸਾਨ ਪਹੁੰਚਾਣ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।
* ਕਾਲਜ ਦੇ ਨੋਟਿਸ ਬੋਰਡ ਤੇ ਆਪਣੇ ਵੱਲੋਂ ਕੋਈ ਨੋਟਿਸ ਲਗਾਉਣਾ ਜਾਂ ਕਾਲਜ ਦਾ ਕੋਈ ਦਸਤਾਵੇਜ਼ ਉਤਾਰਨ/ਫਾੜ੍ਹਨ/ਖਰਾਬ ਕਰਨ ਦੀ ਸਖਤ ਮਨਾਹੀ ਹੈ।
* ਕਿਸੇ ਵਿਦਿਆਰਥੀ ਦੀ ਕੋਈ ਭੈੜੀ ਹਰਕਤ, ਦੁਰ-ਵਿਵਹਾਰ ਜਾਂ ਅਨੁਸ਼ਾਸਨ ਹੀਨਤਾ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਪ੍ਰਿੰਸੀਪਲ ਕੋਲ ਹੈ।
* ਜੇ ਕਿਸੇ ਵਿਦਿਆਰਥੀ ਨੇ ਕੋਈ ਔਪਸ਼ਨਲ ਵਿਸ਼ਾ ਬਦਲਣਾ ਹੋਵੇ, ਉਹ ਇਹ ਤਬਦੀਲੀ ਕਲਾਸਾਂ ਸ਼ੁਰੂ ਹੋਣ ਤੋਂ 10 ਦਿਨਾਂ ਤੱਕ ਹੀ ਕਰ ਸਕਦਾ। ਨਿਸ਼ਚਿਤ ਮਿਤੀ ਤੋਂ ਬਾਅਦ ਕਿਸੇ ਵਿਦਿਆਰਥੀ ਨੂੰ ਔਪਸ਼ਨਲ ਵਿਸ਼ਾ ਬਦਲਣ ਦੀ ਆਗਿਆ ਨਹੀਂ ਹੋਵੇਗੀ। ਮੇਜਰ ਵਿਸ਼ਾ ਤਬਦੀਲ ਨਹੀਂ ਹੋ ਸਕਦਾ।



Scanned with OKEN Scanner

## ਵਿਦਿਆਰਥੀਆਂ ਲਈ ਕੁੱਝ ਹਦਾਇਤਾਂ
## (Instructions for Students)

ਵਿਦਿਆਰਥੀਆਂ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਨੋਟਿਸ ਬੋਰਡ ਪੜ੍ਹਨਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਜ਼ਰੂਰੀ ਸੂਚਨਾ ਸੰਬੰਧੀ ਜਾਣਕਾਰੀ ਮਿਲ ਸਕੇ।

### ਸਾਲ 2026-27 ਲਈ ਸਲਾਨਾ ਫੀਸਾਂ ਦਾ ਵੇਰਵਾ

| | ਆਨਰੇਰੀ ਰਜਿਸਟਰਡ | ਰਜਿਸਟਰਡ | ਅਨੁਸੂਚਿਤ ਜਾਤੀਆਂ |
|---|---|---|---|
| ਦਾਖ਼ਲਾ ਫੀਸ | 25 | 25 | . |
| ਟਿਊਸ਼ਨ ਫੀਸ | 180 | 180 | ................ |
| ਸਲਾਨਾ ਚੰਦੇ | 1174 | 1174 | ................ |
| ਯੂਨੀਵਰਸਿਟੀ ਫੀਸ | As per | University | Schedule |
| ਲਾਇਬ੍ਰੇਰੀ ਸਕਿਉਰਟੀ | 150 | 150 | 150 |
| ਪੀ.ਟੀ.ਏ. (ਇੱਕ ਸਾਲ ਦਾ) | ਸਮੇਂ ਦੀ ਲੋੜ ਅਨੁਸਾਰ | | |
| ਜੋੜ | ਸਮੇਂ ਦੀ ਲੋੜ ਅਨੁਸਾਰ | | |

ਨੋਟ : ਯੂਨੀਵਰਸਿਟੀ ਇਮਤਿਹਾਨ ਫੀਸ ਬਾਅਦ ਵਿੱਚ ਇਮਤਿਹਾਨਾਂ ਸਮੇਂ ਸਾਰੇ ਵਿਦਿਆਰਥੀਆਂ ਪਾਸੋਂ ਵਸੂਲੀ ਜਾਵੇਗੀ।
ਜੇਕਰ ਯੂਨੀਵਰਸਿਟੀ ਵੱਲੋਂ ਫੀਸ ਵਿੱਚ ਘਾਟਾ ਜਾਂ ਵਾਧਾ ਕੀਤਾ ਜਾਂਦਾ ਹੈ ਤਾਂ ਵਿਦਿਆਰਥੀ ਉਸੀ ਹਿਸਾਬ ਨਾਲ ਫੀਸ ਦੇਣਗੇ।

## SC ਅਤੇ BC ਵਿਦਿਆਰਥੀਆਂ ਲਈ ਸਕਾਲਰਸ਼ਿਪ
## (Scholarship for SC/BC Students)

ਅਨੁਸੂਚਿਤ ਅਤੇ ਪੱਛੜੀਆਂ ਜਾਤੀਆਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਜੀਫਿਆਂ ਦੀ ਅਦਾਇਗੀ ਉਨ੍ਹਾਂ ਦੇ ਆਨਲਾਈਨ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ। ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਣਾ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣ, ਬੈਂਕ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਗਲਤਾ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜ਼ਿੰਮੇਵਾਰੀ ਸੰਬੰਧਤ ਵਿਦਿਆਰਥੀ ਦੀ ਹੋਵੇਗੀ।

1. ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 2.50 (ਢਾਈ ਲੱਖ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ।
2. ਪਛੜੀਆਂ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 4.50 (ਚਾਰ ਲੱਖ ਪੰਜਾਹ ਹਜ਼ਾਰ ਰੁਪਏ) ਸਿਰਫ ਤੋਂ ਘੱਟ ਹੋਣੀ ਚਾਹੀਦੀ ਹੈ।
3. ਵਜੀਫੇ ਦੀ ਆਨਲਾਈਨ ਫਾਰਮ ਭਰਨ ਲਈ ਮਿਤੀ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ।
4. ਅਨੁਸੂਚਿਤ ਜਾਤੀ ਅਤੇ ਪੱਛੜੀ ਜਾਤੀ ਦੇ ਵਿਦਿਆਰਥੀ ਖੁਦ ਸਕਾਲਰਸ਼ਿਪ ਫਾਰਮ ਆਨ-ਲਾਈਨ ਅਪਲਾਈ ਕਰਨਗੇ ਇਹ ਉਹਨਾਂ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।
5. ਅਨੁਸੂਚਿਤ ਜਾਤੀ ਦੇ ਵਿਦਿਆਰਥੀ ਆਮਦਨ ਦਾ ਸਰਟੀਫਿਕੇਟ, ਅਧਾਰ ਕਾਰਡ, ਬੈਂਕ ਅਕਾਊਂਟ ਨੰ. ਪੰਜਾਬ ਰਾਜ ਦਾ ਵਸਨੀਕ, ਜਾਤੀ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਤਸਦੀਕ ਹੋਣਾ ਚਾਹੀਦਾ ਹੈ।



Scanned with OKEN Scanner

# NOMENCLATURE OF SYLLABUS

## SEMESTER-I

| Paper | Nomenclature | Theory | Internal Assessment |
|---|---|---|---|
| I | Philosophical Perspective in Education | 70 | 30 |
| II | Understanding the Lerner | 70 | 30 |
| III | Teaching - Learning Process | 70 | 30 |
| IV | Pedagogy of a School Subject (Part I) | 35 | 15 |
| V | Pedagogy of a School Subject (Part I)<br>Any Two of the following :<br>**Languages**<br>(i) Teaching of English<br>(ii) Teaching of Punjabi<br>(iii) Teaching of Hindi<br>(iv) Teaching of Urdu<br>(v) Teaching of Sanskrit<br>**Science**<br>(vi) Teaching of Science<br>(vii) Teaching of Physical Science<br>(viii) Teaching of Life Science<br>**Mathematics**<br>(ix) Teaching of Mathematics<br>**Computer Science**<br>(x) Teaching of Computer Science<br>**Commerce**<br>(xi) Teaching of Commerce<br>**Social Science**<br>(xii) Teaching of Social Science<br>(xiii) Teaching of Economics<br>(xiv) Teaching of Geography<br>(xv) Teaching of Political Science<br>(xvi) Teaching of History<br>**Home Science**<br>(xvii) Teaching of Home Science<br>**Agriculture**<br>(xviii) Teaching of Agriculture<br>**Fine Arts**<br>(xix) Teaching of Fine Arts<br>**Music**<br>(xx) Teaching of Music<br>**Physical Education**<br>(xxi) Teaching of Physical Education | 35 | 15 |
| VI | Exploring Library and other Learning Resources | 35 | 15 |
| VII | Art in Education | 35 | 15 |
| | **Total** **15** | **500** | |

## SEMESTER-II

| Paper | Nomenclature | Theory | Internal Assessment |
|---|---|---|---|
| VIII | Sociological Perspective in Education | 70 | 30 |
| IX | Educational Policy & Planing | 70 | 30 |
| | Contemporary | 70 | 30 |
| X | Curriculum Development | 35 | 15 |
| XI | Pedagogy of a School Subject (Part II) | 35 | 15 |
| V | Pedagogy of a School Subject (Part II)<br>Any Two of the following :<br>**Languages**<br>(i) Teaching of English<br>(ii) Teaching of Punjabi<br>(iii) Teaching of Hindi<br>(iv) Teaching of Urdu<br>(v) Teaching of Sanskrit<br>**Science**<br>(vi) Teaching of Science<br>(vii) Teaching of Physical Science<br>(viii) Teaching of Life Science<br>**Mathematics**<br>(ix) Teaching of Mathematics<br>**Computer Science**<br>(x) Teaching of Computer Science<br>**Commerce**<br>(xi) Teaching of Commerce<br>**Social Science**<br>(xii) Teaching of Social Science<br>(xiii) Teaching of Economics<br>(xiv) Teaching of Geography<br>(xv) Teaching of Political Science<br>(xvi) Teaching of History<br>**Home Science**<br>(xvii) Teaching of Home Science<br>**Agriculture**<br>(xviii) Teaching of Agriculture<br>**Fine Arts**<br>(xix) Teaching of Fine Arts<br>**Music**<br>(xx) Teaching of Music<br>**Physical Education**<br>(xxi) Teaching of Physical Education | 35 | 15 |
| XIII | School Management | 35 | 15 |
| VII | Enriching Learning Through ICT | 35 | 15 |
| | **Total** **15** | **500** | |



Scanned with OKEN Scanner

## SEMESTER-III (Teaching Practice)

| Paper | Nomenclature | External Assessment | Internal Assessment | Total |
|---|---|---|---|---|
| XV & | School Internship Subject - I | 100 | 75 | 175 |
| XVI | School Internship Subject - II | 100 | 75 | 175 |
| XVII | Engagement with Community | 35 | 15 | 50 |
| XVIII | Organization of Co-curricular Activities | 35 | 15 | 50 |
| XIX | Action Research | 35 | 15 | 50 |
| | **Total** | | | **500** |

## SEMESTER-IV

| Paper | Nomenclature | Theory | Internal Assessment |
|---|---|---|---|
| XVIII | Assessment of Learning | 70 | 30 |
| XIX | Gender, School and Society | 35 | 15 |
| XX | Inclusive School | 35 | 15 |
| XXI | Understanding the Staff | 35 | 15 |
| XXII | Reading and Reflecting on Texts | 35 | 15 |
| XXIII | Strengthening Language Proficiency | 35 | 15 |
| XXIV | Health and Physical Education | 35 | 15 |
| XXV & XXVI | Optional Course (Any Two) | 35 | 15 |
| (i) | Guidance of Counselling | 35 | 15 |
| (ii) | Human Rights and Value Education | 35 | 15 |
| (iii) | Environment Education | 35 | 15 |
| (iv) | Distance and Open Learning | 35 | 15 |
| (v) | Teacher Education | 35 | 15 |
| (vi) | Life Skills Education | 35 | 15 |
| (vii) | Special Education | 35 | 15 |
| (viii) | Comparative Education | 35 | 15 |
| (ix) | Vocational Educational | 35 | 15 |
| | **Total Marks : 2000**<br>**Total Credits : 80** | | |

## Subject Combinations Offered by College

Teaching Subjects :-

| **Major Subject** | | **Minor Subjects (Allotted by College)** |
|---|---|---|
| i) | Science | English |
| ii) | Science | Math |
| iii) | Computer Science | Language (English / Punjabi / Math / Urdu) |
| iv) | Commerce | Economics or Language (English / Punjabi) |
| v) | SST | Language (English / Punjabi / Urdu) |
| vi) | Math | Language (English / Punjabi) |



Scanned with OKEN Scanner

## Annual Academic Calendar 2026-27

| Sr. No. | Month | Activities | Date |
|---|---|---|---|
| 1. | July 2026 | Opening of the academic Session | As per uni. Schedule 20 July 2026 |
| 2. | | Admission of Sem 3rd | 27 July to 28 July 2026 |
| 3. | | Micro Teaching | 31 July 2026 (Start) |
| 4. | August 2026 | Bhagat Ravidas Divas Celebration | 5 August 2026 |
| 5. | | Teaching Practice | 10 Aug. 2026 to Uni. Schedule 2026 |
| 6. | | Partition Honors Remembrance Day | 14 August 2026 |
| 7. | | Independence Day | 15 August 2026 |
| 8. | | Admission of Sem. 1st | As per Punjabi Uni. Schedule 2026 |
| 9. | September | Teacher's Day | 05 September 2026 |
| 10. | 2026 | Welcome Party for Sem. 1st | September 2026 |
| 11. | | Commencement of Sem. 1st | As per uni. Schedule |
| 12. | October 2026 | Gandhi Jayanti | 02 October 2026 |
| 13. | | Completion of 1000 years since the first attack on Somnath Temple | October 2026 |
| 14. | | MST of Sem. 1st | October 2026 |
| 15. | | Celebrate World Aids Day | October 2026 |
| 16. | | P.T.A. Meeting | October 2026 |
| 17. | November | Legal Literacy Day | 09 November 2026 |
| 18. | 2026 | National Education Day | 11 November 2026 |
| 19. | | Constitution Day Celebration | 25 November 2026 |
| 20. | | House Exams | Las week of November |
| 21. | December | Human Rights Day | 10 December 2026 |
| 22. | 2026 | Educational Tour | December 2026 |
| 23. | | Winter Vacations | As per uni. schedule |



Scanned with OKEN Scanner

# Annual Academic Calendar 2026-27

| Sr. No. | Month | Activities | Date |
|---|---|---|---|
| 24. | January 2027 | National Youth Day | 12 January 2027 |
| 25. | | National Girl Child Day | 24 January 2027 |
| 26. | | National Voter Day | 25 January 2027 |
| 27. | | Republic Day | 26 January 2027 |
| 28. | February 2027 | Alumni Meet | 15 Feb. 2027 to 25 Feb. 2027 |
| 29. | | Maat Bhasha Diwas / International Mother Tounge Day | 21 February 2027 |
| 30. | | P.T.A. Meeting | February 2027 |
| 31. | March 2027 | International Women's Day | 08 March 2027 |
| 32. | | Annual Athletic Meet | March 2027 |
| 33. | | S. Bhagat Singh Shaheedi Diwas | 23 March 2027 |
| 34. | | Slogan Writing on Green Punjab | March 2027 |
| 35. | | Poster Making on Drug Abuse | March 2027 |
| 36. | | Lecture on Drug Abuse | March 2027 |
| 37. | | House/MST Sem 2nd and 4th | Last Week of March 2027 |
| 38. | April 2027 | Rangoli on Drug Abuse | April 2027 |
| 39. | | Farewell Party | Last week of April |
| 40. | May 2027 | Labour Day | 01 May 2027 |
| 41. | | World Res Cross Day | 08 May 2027 |
| 42. | June 2027 | Environment Day | 05 June 2027 |
| 43. | | International Yoga Day | 21 June 2027 |
| 44. | | Final Exams | As per. Uni. Schedule |
| 45. | | Summer Vacations | As per. Uni. Schedule |



Scanned with OKEN Scanner

## TOPPER OF COLLEGE
### Session 2023-25



Lishika — Ist Position | Maninderjit Kaur — IInd Position | Rahul Tiwari — IIIrd Position

## BEST ATHELETE
### Session 2025-26



Saman Mehmood — B.Ed. I Year | Sabar Ali — B.Ed. II Year

## 70% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ



Scanned with OKEN Scanner

# ਕਾਲਜ ਦੀਆਂ ਵਿਸ਼ੇਸ਼ ਗਤੀਵਿਧੀਆਂ




Scanned with OKEN Scanner